ਮਿੱਠੇ ਬੱਚੇ:- ਗਿਆਨ ਸਾਗਰ ਬਾਪ ਦਵਾਰਾ ਤੁਸੀਂ ਮਾਸਟਰ ਗਿਆਨ ਸਾਗਰ ਬਣੇ ਹੋ , ਤੁਹਾਨੂੰ ਗਿਆਨ ਦਾ ਤੀਜਾ ਨੇਤ੍ਰ ਮਿਲਿਆ ਹੈ , ਇਸਲਈ ਤੁਸੀਂ ਹੋ ਤ੍ਰਿਨੇਤ੍ਰੀ , ਤ੍ਰਿਕਾਲਦਰਸ਼ੀ ਅਤੇ ਤ੍ਰਿਲੋਕੀਨਾਥ "

ਪ੍ਰਸ਼ਨ:- ਵਿਸ਼ਵ ਦੀ ਰੂਹਾਨੀ ਸੇਵਾ ਤੁਸੀਂ ਬੱਚਿਆਂ ਦੇ ਸਿਵਾਏ ਕੋਈ ਨਹੀਂ ਕਰ ਸਕਦਾ ਹੈ - ਕਿਉਂ?

ਉੱਤਰ:- ਕਿਉਂਕਿ ਤੁਹਾਨੂੰ ਹੀ ਸੁਪ੍ਰੀਮ ਰੂਹ ( ਸ਼ਿਵਬਾਬਾ) ਦੀ ਸ਼ਕਤੀ ਮਿਲਦੀ ਹੈ। ਪਹਿਲਾਂ ਤੁਸੀਂ ਆਤਮਾਵਾਂ ਨੂੰ ਸੁਪ੍ਰੀਮ ਰੂਹ ਦਵਾਰਾ ਗਿਆਨ ਦਾ ਇੰਜੈਕਸ਼ਨ ਲੱਗਦਾ ਹੈ, ਜਿਸ ਨਾਲ ਤੁਸੀਂ 5 ਵਿਕਾਰਾਂ ਤੇ ਖੁਦ ਵੀ ਜਿੱਤ ਪ੍ਰਾਪਤ ਕਰਦੇ ਅਤੇ ਦੂਜਿਆਂ ਨੂੰ ਵੀ ਕਰਵਾਉਂਦੇ ਹੋ। ਅਜਿਹੀ ਸੇਵਾ ਹੋਰ ਕੋਈ ਕਰ ਨਹੀ ਸਕਦਾ। ਕਲਪ - ਕਲਪ ਤੁਸੀਂ ਬੱਚੇ ਹੀ ਇਹ ਰੂਹਾਨੀ ਸੇਵਾ ਕਰਦੇ ਹੋ।

ਗੀਤ:- ਨੈਣਹੀਣ ਨੂੰ ਰਾਹ ਦਿਖਾਓ..

ਓਮ ਸ਼ਾਂਤੀ। ਬਾਪ ਦੀ ਯਾਦ ਵਿੱਚ ਬੈਠਣਾ ਹੈ ਹੋਰ ਕੋਈ ਵੀ ਦੇਹਧਾਰੀ ਦੀ ਯਾਦ ਵਿੱਚ ਨਹੀਂ ਬੈਠਣਾ ਹੈ। ਨਵੇਂ - ਨਵੇਂ ਜੋ ਆਉਂਦੇ ਹਨ ਬਾਪ ਨੂੰ ਤੇ ਜਾਣਦੇ ਹੀ ਨਹੀ ਹਨ। ਉਨ੍ਹਾਂ ਦਾ ਨਾਮ ਤੇ ਬਹੁਤ ਸਹਿਜ ਹੈ ਸ਼ਿਵਬਾਬਾ। ਬਾਪ ਨੂੰ ਬੱਚੇ ਨਹੀਂ ਜਾਣਦੇ, ਕਿੰਨਾਂ ਵੰਡਰ ਹੈ। ਸ਼ਿਵਬਾਬਾ ਉੱਚ ਤੇ ਉੱਚ, ਸਭ ਦਾ ਸਦਗਤੀ ਦਾਤਾ ਹੈ। ਸਾਰੇ ਪਤਿਤਾਂ ਦਾ ਪਾਵਨ ਕਰਤਾ, ਸ੍ਰਵ ਦਾ ਦੁਖਹਰਤਾ ਵੀ ਕਹਿੰਦੇ ਹਨ ਪ੍ਰੰਤੂ ਉਹ ਕੌਣ ਹੈ, ਇਹ ਕੋਈ ਨਹੀਂ ਜਾਣਦੇ, ਸਿਵਾਏ ਤੁਸੀਂ ਬੀ. ਕੇ. ਦੇ। ਤੁਸੀਂ ਹੋ ਉਨ੍ਹਾਂ ਦੇ ਪੋਤਰੇ ਪੋਤਰੀਆਂ। ਸੋ ਤਾਂ ਜਰੂਰ ਆਪਣੇ ਬਾਪ ਅਤੇ ਉਨ੍ਹਾਂ ਦੀ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣੋਗੇ। ਬਾਪ ਦਵਾਰਾ ਬੱਚੇ ਹੀ ਸਭ ਕੁਝ ਜਾਣ ਜਾਂਦੇ ਹਨ। ਇਹ ਹੈ ਹੀ ਪਤਿਤ ਦੁਨੀਆਂ। ਸ੍ਰਵ ਕਲਯੁਗੀ ਪਤਿਤਾਂ ਨੂੰ ਸਤਿਯੁਗੀ ਪਾਵਨ ਕਿਵੇਂ ਬਨਾਉਂਦੇ ਹਨ ਉਹ ਤਾਂ ਬੀ. ਕੇ. ਦੇ ਸਿਵਾਏ ਦੁਨੀਆਂ ਵਿੱਚ ਕੋਈ ਨਹੀਂ ਜਾਣਦੇ। ਕਲਯੁਗੀ ਦੁਰਗਤੀ ਤੋਂ ਕੱਢਣ ਵਾਲ਼ਾ ਸਤਿਯੁਗੀ ਸਦਗਤੀ ਦਾਤਾ ਬਾਪ ਹੀ ਹੈ। ਸ਼ਿਵ ਜਯੰਤੀ ਵੀ ਭਾਰਤ ਵਿੱਚ ਹੀ ਹੁੰਦੀ ਹੈ। ਜਰੂਰ ਉਹ ਆਉਂਦੇ ਹਨ ਪਰ ਭਾਰਤ ਨੂੰ ਕੀ ਆਕੇ ਦਿੰਦੇ ਹਨ, ਇਹ ਭਾਰਤਵਾਸੀ ਨਹੀਂ ਜਾਣਦੇ। ਹਰ ਵਰ੍ਹੇ ਸ਼ਿਵ ਜਯੰਤੀ ਮਨਾਉਂਦੇ ਹਨ ਪਰ ਗਿਆਨ ਦਾ ਤੀਜਾ ਨੇਤ੍ਰ ਨਹੀਂ ਹੈ ਇਸਲਈ ਬਾਪ ਨੂੰ ਨਹੀਂ ਜਾਣਦੇ।

ਇਹ ਮਨੁੱਖਾਂ ਦਾ ਹੀ ਬਣਾਇਆ ਹੋਇਆ ਗੀਤ ਹੈ ਕਿ ਅਸੀਂ ਸਭ ਨੈਣਹੀਣ ਹਾਂ। ਇਹ ਸਥੂਲ ਨੈਣ ਤਾਂ ਸਭ ਨੂੰ ਹਨ ਪ੍ਰੰਤੂ ਆਪਣੇ ਨੂੰ ਨੈਣਹੀਣ ਕਿਉਂ ਕਹਿੰਦੇ ਹਨ? ਉਹ ਬਾਪ ਬੈਠ ਸਮਝਾਉਂਦੇ ਹਨ ਕਿ ਗਿਆਨ ਦਾ ਤੀਜਾ ਨੇਤ੍ਰ ਕਿਸੇ ਦਾ ਹੈ ਨਹੀਂ। ਬਾਪ ਨੂੰ ਨਹੀਂ ਜਾਣਨਾ ਇਹ ਹੋਇਆ ਅਗਿਆਨ। ਬਾਪ ਨੂੰ ਬਾਪ ਦਵਾਰਾ ਜਾਣਨਾ ਇਸਨੂੰ ਕਿਹਾ ਜਾਂਦਾ ਹੈ ਗਿਆਨ। ਬਾਪ ਗਿਆਨ ਦਾ ਤੀਜਾ ਨੇਤ੍ਰ ਦਿੰਦੇ ਹਨ, ਜਿਸ ਨਾਲ ਤੁਸੀਂ ਸਾਰੀ ਰਚਨਾ ਦੇ ਆਦਿ - ਮੱਧ - ਅੰਤ ਨੂੰ ਜਾਣਦੇ ਹੋ। ਗਿਆਨ ਸਾਗਰ ਦੇ ਬੱਚੇ ਤੁਸੀਂ ਮਾਸਟਰ ਗਿਆਨ ਸਾਗਰ ਬਣ ਜਾਂਦੇ ਹੋ। ਤੀਜਾ ਨੇਤ੍ਰ ਮਾਨਾ ਹੀ ਤ੍ਰਿਨੇਤ੍ਰੀ, ਤ੍ਰਿਕਾਲਦ੍ਰਸ਼ੀ, ਤ੍ਰਿਲੋਕੀਨਾਥ ਬਣ ਜਾਂਦੇ ਹੋ। ਭਾਰਤ ਵਾਸੀ ਇਹ ਨਹੀਂ ਜਾਣਦੇ ਕਿ ਇਹ ਲਕਸ਼ਮੀ - ਨਾਰਾਇਣ ਜੋ ਸਤਿਯੁਗ ਦੇ ਮਾਲਿਕ ਸਨ, ਉਨ੍ਹਾਂਨੂੰ ਇਹ ਵਰਸਾ ਕਿਵੇਂ ਮਿਲਿਆ? ਉਹ ਕਦੋਂ ਆਏ? ਫਿਰ ਕਿੱਥੇ ਗਏ? ਫਿਰ ਕਿਵੇਂ ਰਾਜ ਲਿਆ? ਕੁਝ ਵੀ ਨਹੀਂ ਜਾਣਦੇ ਹਨ। ਇਹ ਦੇਵਤੇ ਪਾਵਨ ਹਨ ਨਾ। ਪਾਵਨ ਤਾਂ ਜਰੂਰ ਬਾਪ ਹੀ ਬਨਾਉਣਗੇ। ਤੁਸੀਂ ਭਾਰਤਵਾਸੀਆਂ ਨੂੰ ਬਾਪ ਬੈਠ ਸਮਝਾਉਂਦੇ ਹਨ। ਜੋ ਦੇਵਤਾਵਾਂ ਨੂੰ, ਸ਼ਿਵ ਨੂੰ ਮਨਾਉਂਦੇ ਹਨ। ਸ਼ਿਵ ਦਾ ਜਨਮ ਵੀ ਭਾਰਤ ਵਿੱਚ ਹੋਇਆ ਹੈ। ਉੱਚ ਤੋਂ ਉੱਚ ਹਨ ਭਗਵਾਨ। ਸ਼ਿਵ ਜਯੰਤੀ ਵੀ ਇੱਥੇ ਮਨਾਉਂਦੇ ਹਨ। ਜਗਤ ਅੰਬਾ, ਜਗਤ ਪਿਤਾ ਬ੍ਰਹਮਾ ਅਤੇ ਸਰਸਵਤੀ ਦਾ ਵੀ ਜਨਮ ਇੱਥੇ ਹੀ ਹੈ। ਭਾਰਤ ਵਿੱਚ ਹੀ ਮਨਾਉਂਦੇ ਹਨ। ਅੱਛਾ ਲਕਸ਼ਮੀ - ਨਾਰਾਇਣ ਦਾ ਜਨਮ ਵੀ ਇੱਥੇ ਹੀ ਹੁੰਦਾ ਹੈ, ਉਹ ਹੀ ਰਾਧੇ ਕ੍ਰਿਸ਼ਨ ਹਨ। ਇਹ ਵੀ ਭਾਰਤ ਵਾਸੀ ਨਹੀਂ ਜਾਣਦੇ। ਕਹਿੰਦੇ ਹਨ ਪਤਿਤ - ਪਾਵਨ ਆਵੋ ਤਾਂ ਜਰੂਰ ਸਾਰੇ ਪਤਿਤ ਹਨ। ਸਾਧੂ ਸੰਤ ਰਿਸ਼ੀ ਮੁਨੀ ਆਦਿ ਸਾਰੇ ਪੁਕਾਰਦੇ ਹਨ ਕਿ ਸਾਨੂੰ ਪਾਵਨ ਬਨਾਉਣ ਆਵੋ। ਦੂਜੇ ਪਾਸੇ ਕੁੰਭ ਦੇ ਮੇਲੇ ਆਦਿ ਵਿੱਚ ਜਾਂਦੇ ਹਨ ਪਾਪ ਧੋਣ। ਸਮਝਦੇ ਹਨ ਗੰਗਾ ਪਤਿਤ - ਪਾਵਨੀ ਹੈ। ਪੁਕਾਰਦੇ ਹਨ ਕਿ ਪਤਿਤ - ਪਾਵਨ ਆਵੋ ਤਾਂ ਮਨੁੱਖ ਕਿਸੇ ਨੂੰ ਕਿਵੇਂ ਪਾਵਨ ਬਣਾ ਸਕਦੇ? ਬਾਪ ਸਮਝਾਉਂਦੇ ਹਨ ਤੁਸੀਂ ਪਹਿਲਾਂ ਦੇਵੀ - ਦੇਵਤਾ ਧਰਮ ਦੇ ਸੀ ਤਾਂ ਸਭ ਪਾਵਨ ਸੀ। ਹੁਣ ਪਤਿਤ ਹਨ। ਕਹਿੰਦੇ ਹਨ ਕਿ ਰਾਹ ਦੱਸੋ ਪ੍ਰਭੂ। ਤਾਂ ਕਿਥੋਂ ਦੀ ਰਾਹ? ਕਹਿੰਦੇ ਹਨ ਬਾਬਾ ਜੀਵਨਮੁਕਤੀ ਦੀ ਰਾਹ ਦੱਸੋ। ਸਾਡੇ ਵਿੱਚ 5 ਵਿਕਾਰ ਹਨ। ਬਾਬਾ ਅਸੀਂ ਸਾਰੇ ਸਵਰਗ ਵਿੱਚ ਸੀ ਤਾਂ ਨਿਰਵਿਕਾਰੀ ਸੀ। ਹੁਣ ਵਿਕਾਰੀ ਪਤਿਤ ਬਣ ਗਏ ਹਾਂ, ਇਸ ਦਾ ਕੁਝ ਰਾਜ਼ ਤਾਂ ਸਮਝਾਵੋ। ਇਹ ਕੋਈ ਦੰਤ ਕਥਾਵਾਂ ਨਹੀਂ ਹਨ। ਬਾਪ ਸਮਝਾਉਂਦੇ ਹਨ - ਸ਼੍ਰੀਮਤ ਭਗਵਤ ਗੀਤਾ ਮਤਲਬ ਪਰਮਾਤਮਾ ਦੀ ਸੁਣਾਈ ਹੋਈ ਗੀਤਾ ਹੈ। ਪਤਿਤਾਂ ਨੂੰ ਪਾਵਨ ਬਨਾਉਣ ਵਾਲਾ ਹੈ ਨਿਰਾਕਾਰ ਭਗਵਾਨ। ਮਨੁੱਖ ਨੂੰ ਭਗਵਾਨ ਨਹੀ ਕਹਿ ਸਕਦੇ। ਬਾਪ ਕਹਿੰਦੇ ਹਨ - ਇੰਨੇ ਵੱਡੇ - ਵੱਡੇ ਗੁਰੂ ਹੁੰਦਿਆਂ ਵੀ ਭਾਰਤ ਇੰਨਾ ਕੌਡੀ ਵਰਗਾ ਕਿਉਂ ਬਣਿਆ ਹੈ। ਕਲ ਦੀ ਗੱਲ ਹੈ ਕਿ ਭਾਰਤ ਸਵਰਗ ਸੀ। ਬਾਬਾ ਨੇ ਭਾਰਤ ਨੂੰ ਸਵਰਗ ਦੀ ਸੌਗਾਤ ਦਿੱਤੀ ਸੀ। ਭਾਰਤ ਵਾਸੀ ਪਤਿਤਾਂ ਨੂੰ ਆਕੇ ਰਾਜਯੋਗ ਸਿਖ਼ਲਾ ਪਾਵਨ ਬਣਾਇਆ ਸੀ। ਹੁਣ ਫਿਰ ਬਾਪ ਬੱਚਿਆਂ ਦੇ ਕੋਲ ਆਇਆ ਹੈ ਸੇਵਾਧਾਰੀ ਬਣ। ਬਾਪ ਹੈ ਰੂਹਾਨੀ ਸੇਵਾਧਾਰੀ। ਬਾਕੀ ਤਾਂ ਸਭ ਮਨੁੱਖ ਮਾਤਰ ਹਨ ਜਿਸਮਾਨੀ ਸੇਵਾਧਾਰੀ। ਸੰਨਿਆਸੀ ਵੀ ਜਿਸਮਾਨੀ ਸੇਵਾਧਾਰੀ ਹਨ। ਬਾਪ ਕਹਿੰਦੇ ਹਨ ਕਿ ਮੈਂ ਨਿਰਾਕਾਰ ਸਾਕਾਰ ਸਧਾਰਨ ਬੁੱਢੇ ਤਨ ਵਿੱਚ

ਪ੍ਰਵੇਸ਼ ਕਰ ਬੱਚਿਆਂ ਨੂੰ ਆਕੇ ਸਮਝਾਉਂਦਾ ਹਾਂ। ਹੇ ਭਾਰਤ ਵਾਸੀ ਬੱਚਿਓ, ਵੇਖੋ ਰੂਹਾਨੀ ਬਾਪ ਰੂਹਾਂ ਨੂੰ ਬੈਠ ਸਮਝਾਉਂਦੇ ਹਨ। ਇਹ ਬ੍ਰਹਮਾ ਨਹੀਂ ਸੁਣਾਉਂਦੇ ਹਨ ਲੇਕਿਨ ਉਹ ਨਿਰਾਕਾਰ ਬਾਪ ਇਸ ਤਨ ਦਾ ਆਧਾਰ ਲੈਂਦੇ ਹਨ। ਸ਼ਿਵ ਨੂੰ ਤੇ ਆਪਣਾ ਸ਼ਰੀਰ ਨਹੀਂ ਹੈ। ਸਾਲੀਗ੍ਰਾਮ ਆਤਮਾਵਾਂ ਨੂੰ ਤਾਂ ਆਪਣਾ - ਆਪਣਾ ਸ਼ਰੀਰ ਹੈ। ਪੁਨਰਜਨਮ ਵਿੱਚ ਆਉਂਦੇ - ਆਉਂਦੇ ਪਤਿਤ ਬਣ ਜਾਂਦੇ ਹਨ। ਹੁਣ ਤਾਂ ਸਾਰੀ ਦੁਨੀਆਂ ਪਤਿਤ ਹੈ। ਪਾਵਨ ਇੱਕ ਵੀ ਨਹੀਂ ਹੈ। ਤੁਸੀਂ ਸਤੋਪ੍ਰਧਾਨ ਸੀ ਫਿਰ ਖ਼ਾਦ ਪੈਣ ਨਾਲ ਸਤੋ ਤੋਂ ਰਜੋ, ਤਮੋ ਵਿੱਚ ਆਏ ਹੋ। ਤੁਸੀਂ ਭਾਰਤਵਾਸੀਆਂ ਦੇ ਕੋਲ ਸ਼ਿਵਬਾਬਾ ਆਕੇ ਸ਼ਰੀਰ ਧਾਰਨ ਕਰਦੇ ਹਨ ਜਿਸਨੂੰ ਭਾਗੀਰਥ ਵੀ ਕਹਿੰਦੇ ਹਨ। ਮੰਦਿਰਾਂ ਵਿੱਚ ਸ਼ੰਕਰ ਦਾ ਚਿੱਤਰ ਵਿਖਾਉਂਦੇ ਹਨ ਕਿਉਂਕਿ ਉਹ ਸ਼ਿਵ ਸ਼ੰਕਰ ਇਕੱਠਾ ਸਮਝ ਲੈਂਦੇ ਹਨ। ਇਹ ਸਮਝਦੇ ਨਹੀਂ ਕਿ ਸ਼ਿਵ ਤੇ ਨਿਰਾਕਾਰ ਹੈ, ਸ਼ੰਕਰ ਤਾਂ ਆਕਾਰੀ ਹੈ। ਸ਼ਿਵ ਸ਼ੰਕਰ ਇਕੱਠਾ ਕਿਵੇਂ ਕਹਿੰਦੇ ਹਨ। ਅੱਛਾ ਫਿਰ ਬੈਲ ਤੇ ਸਵਾਰੀ ਕੌਣ ਕਰਦੇ ਹਨ। ਸ਼ਿਵ ਜਾਂ ਸ਼ੰਕਰ? ਸੂਖਸ਼ਮਵਤਨ ਵਿੱਚ ਬੈਲ ਕਿਥੋਂ ਆਇਆ? ਸ਼ਿਵ ਰਹਿੰਦਾ ਹੈ ਮੂਲਵਤਨ ਵਿੱਚ, ਸ਼ੰਕਰ ਸੁਖਸ਼ਮਵਤਨ ਵਿੱਚ। ਮੂਲਵਤਨ ਵਿੱਚ ਸਭ ਆਤਮਾਵਾਂ ਹਨ। ਸੁਖਸ਼ਮਵਤਨ ਵਿੱਚ ਸਿਰਫ਼ ਬ੍ਰਹਮਾ ਵਿਸ਼ਨੂੰ ਸ਼ੰਕਰ ਹਨ, ਉੱਥੇ ਜਾਨਵਰ ਹੁੰਦੇਂ ਨਹੀਂ। ਬਾਪ ਕਹਿੰਦੇ ਹਨ ਮੈਂ ਸਧਾਰਨ ਬੁੱਢੇ ਤਨ ਵਿੱਚ ਪ੍ਰਵੇਸ਼ ਕਰ ਤੁਹਾਨੂੰ ਸਮਝਾਉਂਦਾ ਹਾਂ। ਤੁਸੀਂ ਬੱਚੇ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ। ਸਤਿਯੁਗ ਤੋਂ ਲੈਕੇ ਤੁਸੀਂ ਕਿੰਨੇਂ ਜਨਮ ਲਏ ਹਨ? 84 ਜਨਮ ਲਏ। ਹੁਣ ਇਹ ਹੈ ਪਿਛਾੜੀ ਦਾ ਜਨਮ। ਭਾਰਤ ਜੋ ਅਮਰਲੋਕ ਪਾਵਨ ਸੀ, ਉਹ ਹੁਣ ਮ੍ਰਿਤੂਲੋਕ ਪਤਿਤ ਹੈ। ਸ੍ਰਵ ਦਾ ਸਦਗਤੀ ਦਾਤਾ ਤੇ ਇੱਕ ਹੈ ਨਾ। ਰੁਦ੍ਰ ਮਾਲਾ ਹੈ ਹੀ ਪਰਮਪਿਤਾ ਪਰਮਾਤਮਾ ਨਿਰਾਕਾਰ ਸ਼ਿਵ ਦੀ। ਸ਼੍ਰੀ - ਸ਼੍ਰੀ 108 ਰੂਦ੍ਰ ਮਾਲਾ ਕਹੀ ਜਾਂਦੀ ਹੈ। ਸਭ ਸ਼ਿਵ ਦੇ ਗਲੇ ਦਾ ਹਾਰ ਹਨ। ਬਾਪ ਤਾਂ ਹੈ ਪਤਿਤ - ਪਾਵਨ ਸ੍ਰਵ ਦਾ ਸਦਗਤੀ ਦਾਤਾ, ਸ੍ਰਵ ਨੂੰ ਵਰਸਾ ਦੇਣ ਵਾਲਾ। ਲੌਕਿਕ ਬਾਪ ਤੋਂ ਹੱਦ ਦਾ ਵਰਸਾ ਮਿਲਦਾ ਹੈ ਜਿਸਨੂੰ ਸੰਨਿਆਸੀ ਕਾਗ ਵਿਸ਼ਟਾ ਸਮਾਨ ਸੁਖ ਸਮਝਦੇ ਹਨ। ਬਾਪ ਕਹਿੰਦੇ ਹਨ ਕਿ ਬਰੋਬਰ ਇਹ ਤੁਹਾਡਾ ਸੁਖ ਕਾਗ ਵਿਸ਼ਟਾ ਸਮਾਨ ਹੈ। ਬਾਪ ਹੀ ਆਕੇ ਪਤਿਤਾਂ ਨੂੰ ਪਾਵਨ ਅਤੇ ਕੰਡਿਆਂ ਨੂੰ ਫੁੱਲ ਬਨਾਉਂਦੇ ਹਨ ਨਾਲੇਜ਼ ਨਾਲ। ਇਹ ਗੀਤਾ ਦੀ ਨਾਲੇਜ ਹੈ। ਇਹ ਗਿਆਨ ਕੋਈ ਮਨੁੱਖ ਨਹੀਂ ਸਮਝਾ ਸਕਦੇ ਹਨ। ਗਿਆਨ ਦਾ ਸਾਗਰ ਪਤਿਤ - ਪਾਵਨ ਬਾਪ ਹੀ ਸਮਝਾ ਸਕਦੇ ਹਨ। ਬਾਪ ਤੋਂ ਹੀ ਵਰਸਾ ਮਿਲਦਾ ਹੈ ਜੋ ਤੁਸੀਂ ਲੈ ਰਹੇ ਹੋ। ਤੁਸੀਂ ਹੀ ਸਿਰਫ਼ ਸਦਗਤੀ ਵਲ ਜਾ ਰਹੇ ਹੋ। ਹੁਣ ਤਾਂ ਸੰਗਮ ਤੇ ਹੋ, ਉਹ ਤਾਂ ਕਲਯੁਗ ਵਿੱਚ ਹਨ। ਹੁਣ ਹੈ ਕਲਯੁਗ ਦਾ ਅੰਤ। ਮਹਾਭਾਰਤ ਲੜ੍ਹਾਈ ਵੀ ਸਾਹਮਣੇ ਖੜ੍ਹੀ ਹੈ। 5 ਹਜ਼ਾਰ ਸਾਲ ਪਹਿਲੋਂ ਵੀ ਜਦੋਂ ਤੁਸੀਂ ਰਾਜਯੋਗ ਸਿੱਖਦੇ ਸੀ ਤਾਂ ਭੰਭੋਰ ਨੂੰ ਅੱਗ ਲੱਗੀ ਸੀ। ਹੁਣ ਤੁਸੀਂ ਰਾਜਯੋਗ ਸਿੱਖ ਰਹੇ ਹੋ, ਇਹ ਲਕਸ਼ਮੀ - ਨਰਾਇਣ ਬਣਨ ਦੇ ਲਈ। ਬਾਕੀ ਤੇ ਹੈ ਭਗਤੀਮਾਰਗ। ਬਾਪ ਜਦੋਂ ਆਉਂਦੇ ਹਨ ਤਾਂ ਸਵਰਗ ਦੇ ਦਵਾਰ ਖੋਲ੍ਹਦੇ ਹਨ। ਬਾਪ ਕਹਿੰਦੇ ਹਨ ਕਿ ਇਹ ਸ਼ਿਵ ਸ਼ਕਤੀ ਭਾਰਤ ਮਾਤਾਵਾਂ ਤਾਂ ਭਾਰਤ ਨੂੰ ਸਵਰਗ ਬਣਾਉਂਦੀਆਂ ਹਨ ਸ਼੍ਰੀਮਤ ਤੇ। ਤੁਸੀਂ ਹੋ ਸ਼ਿਵ ਸ਼ਕਤੀ ਭਾਰਤ ਮਾਤਾਵਾਂ, ਜੋ ਭਾਰਤ ਨੂੰ ਸਵਰਗ ਬਣਾਉਂਦੀਆਂ ਹੋ। ਤੁਸੀਂ ਹੋ ਹੀ ਸ਼ਿਵ ਦੀ ਔਲਾਦ, ਉਸਨੂੰ ਹੀ ਯਾਦ ਕਰਦੇ ਹੋ। ਸ਼ਿਵ ਤੋਂ ਸ਼ਕਤੀ ਲੈਕੇ 5 ਵਿਕਾਰਾਂ ਰੂਪੀ ਸਤ੍ਰ ਤੇ ਜਿੱਤ ਪਾਉਂਦੇ ਹੋ। ਤੁਸੀਂ ਬੱਚਿਆਂ ਨੇ 5 ਹਜ਼ਾਰ ਵਰ੍ਹੇ ਪਹਿਲੋਂ ਵੀ ਭਾਰਤ ਦੀ ਸੇਵਾ ਕੀਤੀ ਸੀ। ਉਹ ਸੋਸ਼ਲ ਵਰਕਰਜ਼ ਕਰਦੇ ਹਨ ਜਿਸਮਾਨੀ ਸੇਵਾ। ਇਹ ਹੈ ਰੂਹਾਨੀ ਸੇਵਾ। ਸੁਪ੍ਰੀਮ ਰੂਹ ਆਕੇ ਆਤਮਾਵਾਂ ਨੂੰ ਇੰਜੈਕਸ਼ਨ ਲਗਾਉਂਦੇ ਹਨ, ਪੜ੍ਹਾਉਂਦੇ ਹਨ। ਆਤਮਾ ਹੀ ਸੁਣਦੀ ਹੈ। ਤੁਸੀਂ ਆਤਮਾਵਾਂ ਹੋ। ਤੁਸੀਂ ਹੀ 84 ਜਨਮ ਲੈਂਦੇ ਹੋ। ਇੱਕ ਸ਼ਰੀਰ ਛੱਡ ਦੂਜਾ ਲੈਂਦੇ ਹੋ। 84 ਜਨਮ ਲੈ 84 ਮਾਂ - ਬਾਪ ਬਣਾਏ ਹਨ। ਸਤਿਯੁਗ ਤ੍ਰੇਤਾ ਵਿੱਚ ਤੁਸੀ ਸਵਰਗ ਦੇ ਸੁੱਖ ਪਾਏ, ਹੁਣ ਫਿਰ ਬੇਹੱਦ ਦੇ ਬਾਪ ਦਵਾਰਾ ਸੁਖ ਦਾ ਵਰਸਾ ਲੈ ਰਹੇ ਹੋ ਬਰੋਬਰ ਭਾਰਤ ਨੂੰ ਇਹ ਵਰਸਾ ਸੀ। ਭਾਰਤ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਸੀ। ਉੱਥੇ ਦੈਤ ਆਦਿ ਕੋਈ ਨਹੀਂ ਸਨ। ਤੁਸੀਂ ਜਾਣਦੇ ਹੋ ਹੁਣ ਇਸ ਪੁਰਾਣੀ ਦੁਨੀਆਂ ਨੂੰ ਅੱਗ ਲੱਗਣੀ ਹੈ। ਮੈਂ ਆਕੇ ਗਿਆਨ ਯਗ ਰਚਦਾ ਹਾਂ। ਤੁਸੀਂ ਸਾਰੇ ਪਵਿੱਤਰ ਦੇਵਤੇ ਬਣਦੇ ਹੋ। ਹਜਾਰਾਂ ਹਨ ਜੋ ਦੇਵਤਾ ਬਣਨ ਦਾ ਪੁਰਸ਼ਾਰਥ ਕਰ ਰਹੇ ਹਨ। ਬਾਪ ਆਇਆ ਹੈ ਬੱਚਿਆਂ ਦੀ ਸਦਗਤੀ ਕਰਨ। ਤੁਹਾਨੂੰ ਬੱਚਿਆਂ ਨੂੰ ਕੰਡਿਆਂ ਤੋਂ ਫੁੱਲ ਬਣਾ ਰਹੇ ਹਨ। ਤੁਹਾਨੂੰ ਗਿਆਨ ਦਾ ਤੀਜਾ ਨੇਤ੍ਰ ਦੇ ਰਹੇ ਹਨ ਜਿਸ ਨਾਲ ਤੁਸੀਂ ਸਾਰੇ ਡਰਾਮੇ ਨੂੰ, ਸ਼ਿਵਬਾਬਾ ਦਾ ਕੀ ਪਾਰਟ ਵੱਜਦਾ ਹੈ, ਸਭ ਜਾਣਦੇ ਹੋ। ਬ੍ਰਹਮਾ ਅਤੇ ਵਿਸ਼ਨੂੰ ਦਾ ਕੁਨੈਕਸ਼ਨ ਕੀ ਹੈ, ਉਹ ਵੀ ਜਾਣਦੇ ਹੋ। ਉਹ ਵਿਖਾਉਂਦੇ ਹਨ ਕਿ ਵਿਸ਼ਨੂੰ ਦੀ ਨਾਭੀ ਵਿਚੋਂ ਬ੍ਰਹਮਾ ਨਿਕਲਿਆ। ਬ੍ਰਹਮਾ ਹੀ ਜਾਕੇ ਵਿਸ਼ਨੂੰ ਬਣਦੇ ਹਨ। ਬ੍ਰਾਹਮਣ ਫਿਰ ਸੋ ਦੇਵਤਾ। ਵਿਸ਼ਨੂੰ ਤੋਂ ਬ੍ਰਹਮਾ ਬਣਨ ਵਿੱਚ 5 ਹਜ਼ਾਰ ਵਰ੍ਹੇ ਲੱਗੇ। ਇਹ ਤੁਹਾਨੂੰ ਗਿਆਨ ਹੈ। ਤੁਸੀਂ ਬ੍ਰਾਹਮਣਾਂ ਦੇ ਨਾਭੀ ਕਮਲ ਤੋਂ ਵਿਸ਼ਨੂੰਪੁਰੀ ਪ੍ਰਗਟ ਹੋ ਰਹੀ ਹੈ। ਉਨ੍ਹਾਂ ਨੇ ਤਾਂ ਚਿੱਤਰ ਬਣਾਇਆ ਹੈ ਕਿ ਵਿਸ਼ਨੂੰ ਦੀ ਨਾਭੀ ਤੋਂ ਬ੍ਰਹਮਾ ਨਿਕਲਿਆ। ਫਿਰ ਸਾਰੇ ਵੇਦਾਂ ਸ਼ਾਸਤਰਾਂ ਦਾ ਸਾਰ ਸੁਣਾਇਆ। ਹੁਣ ਤੁਸੀਂ ਬ੍ਰਹਮਾ ਦਵਾਰਾ ਸਾਰਾ ਸਾਰ ਸਮਝਦੇ ਹੋ। ਬਾਪ ਕਹਿੰਦੇ ਹਨ ਮੁੱਖ ਧਰਮ ਸ਼ਾਸਤਰ ਹਨ 4,ਪਹਿਲੇ ਦੇਵੀ - ਦੇਵਤਾ ਧਰਮ ਦਾ ਸ਼ਾਸਤਰ ਹੈ ਗੀਤਾ। ਗੀਤਾ ਕਿਸਨੇ ਗਾਈ? ਸ਼ਿਵਬਾਬਾ ਨੇ। ਗਿਆਨ ਸਾਗਰ ਪਤਿਤ - ਪਾਵਨ, ਸੁਖ ਦਾ ਸਾਗਰ ਸ਼ਿਵਬਾਬਾ ਹੈ। ਉਸਨੇ ਬੈਠ ਭਾਰਤ ਨੂੰ ਸਵਰਗ ਬਣਾਇਆ, ਨਾ ਕਿ ਕ੍ਰਿਸ਼ਨ ਨੇ। ਕ੍ਰਿਸ਼ਨ ਤਾਂ ਮੇਰੇ ਦਵਾਰਾ ਗਿਆਨ ਸੁਣਕੇ ਫਿਰ ਕ੍ਰਿਸ਼ਨ ਬਣਿਆ। ਤਾਂ ਇਹ ਗੁਪਤ ਗੱਲ ਹੋਈ ਨਾ। ਨਵੇਂ - ਨਵੇਂ ਬੱਚੇ ਇਨ੍ਹਾਂ ਗੱਲਾਂ ਨੂੰ ਸਮਝ ਨਹੀਂ ਸਕਦੇ।

ਸ਼ਿਵਬਾਬਾ ਨੇ ਸਵਰਗ ਦੀ ਸਥਾਪਨਾ ਕੀਤੀ, ਉਸ ਵਿਚ ਇਹ ਲਕਸ਼ਮੀ - ਨਾਰਾਇਣ ਰਾਜ ਕਰਦੇ ਸਨ। ਹੁਣ ਤੁਸੀਂ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਬਾਪ ਕਹਿੰਦੇ ਹਨ ਇਸ ਮ੍ਰਿਤੂਲੋਕ, ਦੁਖਧਾਮ ਵਿੱਚ ਤੁਹਾਡਾ ਅੰਤਿਮ ਜਨਮ ਹੈ। ਭਾਰਤ ਅਮਰਲੋਕ ਸੀ। ਉੱਥੇ ਦੁਖ ਦਾ ਨਾਮ ਨਹੀਂ ਸੀ। ਭਾਰਤ ਪਰਿਸਥਾਨ ਸੀ, ਹੁਣ ਕਬਰਿਸਥਾਨ ਬਣਿਆ ਹੈ, ਫਿਰ ਪਰਿਸਥਾਨ ਹੋਵੇਗਾ। ਇਹ ਸਭ ਸਮਝਣ ਦੀਆਂ ਗੱਲਾਂ ਹਨ। ਇਹ ਹੈ ਮਨੁੱਖ ਤੋਂ ਦੇਵਤਾ ਬਣਨ ਦੀ ਪਾਠਸ਼ਾਲਾ। ਇਹ ਕੋਈ ਸੰਨਿਆਸੀਆਂ ਦਾ ਸਤਿਸੰਗ ਨਹੀਂ ਹੈ, ਜਿੱਥੇ ਸ਼ਾਸਤਰ ਬੈਠ ਸੁਣਾਉਂਦੇ ਹਨ। ਇੰਨਾ ਗੱਲਾਂ ਨੂੰ ਨਵਾਂ ਕੋਈ ਸਮਝ ਨਹੀਂ ਸਕਦਾ ਜਦੋਂ ਤੱਕ 7 ਦਿਨ ਦਾ ਕੋਰਸ ਨਹੀਂ ਕੀਤਾ ਹੈ। ਇਸ ਵਕਤ ਭਗਤ ਤਾਂ

ਸਭ ਮਨੁੱਖ ਮਾਤਰ ਹਨ, ਉਨ੍ਹਾਂ ਦੀ ਆਤਮਾ ਵੀ ਯਾਦ ਕਰਦੀ ਹੈ। ਪਰਮਾਤਮਾ ਇੱਕ ਮਸ਼ੂਕ ਦੇ ਸਭ ਆਸ਼ਿਕ ਹਨ।

ਬਾਪ ਆਕੇ ਸੱਚਖੰਡ ਬਨਾਉਂਦੇ ਹਨ। ਅਧਾਕਲਪ ਦੇ ਬਾਦ ਫਿਰ ਰਾਵਣ ਆਕੇ ਝੂਠਖੰਡ ਬਨਾਉਂਦੇ ਹਨ। ਹੁਣ ਹੈ ਸੰਗਮ। ਇਹ ਸਭ ਸਮਝਣ ਦੀਆਂ ਗੱਲਾਂ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਦੀ ਸ਼੍ਰੀਮਤ ਤੇ ਭਾਰਤ ਦੀ ਸੱਚੀ - ਸੱਚੀ ਸੇਵਾ ਕਰਨੀ ਹੈ। ਸ੍ਰਵਸ਼ਕਤੀਮਾਨ ਬਾਪ ਤੋਂ ਸ਼ਕਤੀ ਲੈ 5 ਵਿਕਾਰਾਂ ਰੂਪੀ ਰਾਵਣ ਤੇ ਵਿਜੇ ਪਾਉਣੀ ਹੈ।

2. ਮਨੁੱਖ ਤੋਂ ਦੇਵਤਾ ਬਣਨ ਦੇ ਲਈ ਪਵਿੱਤਰ ਜਰੂਰ ਬਣਨਾ ਹੈ। ਨਾਲੇਜ ਦੀ ਧਾਰਨਾ ਕਰ ਕੰਡੇ ਤੋਂ ਫੁੱਲ ਬਣਨਾ ਅਤੇ ਬਨਾਉਣਾ ਹੈ।

ਵਰਦਾਨ:- ਵਿਨਾਸ਼ ਦੇ ਸਮੇਂ ਪੇਪਰ ਵਿੱਚ ਪਾਸ ਹੋਣ ਵਾਲੇ ਆਕਾਰੀ ਲਾਈਟ ਰੂਪਧਾਰੀ ਭਵ।

ਵਿਨਾਸ਼ ਦੇ ਸਮੇਂ ਪੇਪਰ ਵਿਚ ਪਾਸ ਹੋਣ ਜਾਂ ਸਰਵ ਪ੍ਰਸਥਿਤੀਆਂ ਦਾ ਸਾਮਨਾ ਕਰਨ ਦੇ ਲਈ ਆਕਾਰੀ ਲਾਈਟ ਰੂਪਧਾਰੀ ਬਣੋ। ਜਦੋਂ ਚਲਦੇ ਫਿਰਦੇ ਲਾਈਟ ਹਾਊਸ ਹੋ ਜਾਵੋਗੇ ਤਾਂ ਤੁਹਾਡਾ ਇਹ ਰੂਪ ( ਸ਼ਰੀਰ) ਵਿਖਾਈ ਨਹੀਂ ਦੇਵੇਗਾ। ਜਿਵੇਂ ਪਾਰਟ ਵਜਾਉਣ ਸਮੇਂ ਚੋਲਾ ਧਾਰਨ ਕਰਦੇ ਹੋ, ਕੰਮ ਖਤਮ ਹੋਇਆ ਚੋਲਾ ਉਤਾਰਿਆ। ਇੱਕ ਸੈਕਿੰਡ ਵਿਚ ਧਾਰਨ ਕਰੋ ਅਤੇ ਇੱਕ ਸੈਕਿੰਡ ਵਿਚ ਨਿਆਰੇ ਹੋ ਜਾਵੋ - ਜਦ ਇਹ ਅਭਿਆਸ ਹੋਵੇਗਾ ਤਾਂ ਵੇਖਣ ਵਾਲੇ ਅਨੁਭਵ ਕਰਨਗੇ ਕਿ ਇਹ ਲਈਟ ਦੇ ਵਸਤਰਧਾਰੀ ਹਨ, ਲਾਈਟ ਹੀ ਇਨ੍ਹਾਂ ਦਾ ਸ਼ਿੰਗਾਰ ਹੈ।

ਸਲੋਗਨ:- ਉਮੰਗ - ਉਤਸਾਹ ਦੇ ਪੱਖ ਨਾਲ ਹੋਣ ਤਾਂ ਹਰ ਕੰਮ ਵਿਚ ਸਫਲਤਾ ਸਹਿਜ ਮਿਲਦੀ ਹੈ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ"

ਬਾਪ ਸਰਵਸ਼ਕਤੀਮਾਨ ਹਨ ਤਾਂ ਉਸ ਦਾ ਹੱਥ ਫੜਨ ਵਾਲੇ ਪਹੁੰਚੇ ਕਿ ਪਹੁੰਚੇ - ਇਹ ਫੇਥ ਰੱਖੋ। ਭਾਵੇਂ ਖੁਦ ਭਲੇ ਕਮਜੋਰ ਵੀ ਹੋ ਲੇਕਿਨ ਸਾਥੀ ਤਾਂ ਮਜ਼ਬੂਤ ਹਨ ਨਾ! ਇਸਲਈ ਪਾਰ ਹੋ ਹੀ ਜਾਣਗੇ। ਸਦਾ ਅਜਿਹੇ ਨਿਸ਼ਚੇ ਬੁੱਧੀ ਵਿਜੇਈ ਰਤਨ ਹਨ, ਇਸੇ ਸਮ੍ਰਿਤੀ ਵਿਚ ਰਹੋ। ਬੀਤੀ ਸੋ ਬੀਤੀ, ਬਿੰਦੀ ਲਗਾਕੇ ਅੱਗੇ ਵਧੋ।

ਵਿਸ਼ੇਸ਼ ਨੋਟ :- ਅੱਜ ਪਿਆਰੇ ਬਾਪਦਾਦਾ ਦੀ ਅਤਿ ਲਾਡਲੀ, ਦੇਸ਼ ਵਿਦੇਸ਼ ਦੇ ਸਰਵ ਬ੍ਰਾਹਮਣ ਪਰਿਵਾਰ ਦੀ ਜਾਨ, ਸਾਡੇ ਸਭ ਦੇ ਦਿਲਾਂ ਤੇ ਰਾਜ ਕਰਨ ਵਾਲੇ ਮਿੱਠੀ ਦੀਦੀ ਜਨਮਕੀ ਜੀ ਦਾ ਪੁੰਨ ਸਮ੍ਰਿਤੀ ਦਿਵਸ ਹਰ। ਦਾਦੀ ਜੀ ਨੇ 104 ਵਰ੍ਹੇ ਦੀ ਉਮਰ ਤੱਕ ਵਿਦੇਹੀ ਅਤੇ ਜੀਵਨ ਮੁਕਤ ਸਥਿਤੀ ਵਿਚ ਰਹਿ, ਗਿਆਨ ਦਾਨ ਦੇ ਨਾਲ - ਨਾਲ ਗੁਣਾਂ ਦਾ ਦਾਨ ਕਰਦੇ ਪੂਰੇ ਪਰਿਵਾਰ ਦੀ ਅਲੌਕਿਕ ਪਾਲਣਾ ਕੀਤੀ ਹੈ। ਉਨ੍ਹਾਂ ਦੀ ਸਾਰ ਗਰਭਿਤ ਅਨੇਕ ਗਿਆਨ ਦੇ ਗੁਪਤ ਰਹੱਸ ਨਾਲ ਭਰਪੂਰ ਕਲਾਸਿਜ਼ ਸਭ ਦਾ ਮਾਰਗ ਦਰਸ਼ਨ ਕਰਦੀ ਰਹੀ ਹੈ। ਅੱਜ ਵੀ ਉਨ੍ਹਾਂ ਦੀ ਛਤ੍ਰਛਾਇਆ ਅਤੇ ਉਨ੍ਹਾਂ ਦੇ ਦ੍ਵਾਰਾ ਮਿਲੀ ਹੋਈ ਅਨਮੋਲ ਸਿੱਖਿਆ ਅਨੇਕ ਬ੍ਰਹਮਾ ਵਤਸਾਂ ਦੇ ਕੰਨਾਂ ਵਿਚ ਗੂੰਜਦੀ ਰਹਿੰਦੀ ਹੈ। ਦਾਦੀ ਜੀ ਸਚਾਈ, ਸਫਾਈ ਅਤੇ ਸਾਦਗੀ ਦੀ ਪ੍ਰਤੀਮੂਰਤੀ ਸੀ। ਦਾਦੀ ਜੀ ਦਵਾਰਾ ਮਿਲੀਆਂ ਹੋਈਆਂ ਅਨੇਕ ਅਨਮੋਲ ਸਿੱਖਿਆਵਾਂ ਵਿਚੋਂ ਕੁਝ ਸਿੱਖਿਆਵਾਂ ਲਿਖ ਰਹੇ ਹਾਂ, ਸਾਰੇ ਇਨ੍ਹਾਂ ਨੂੰ ਆਤਮਸਾਤ ਕਰਨਾ ਹੀ।

1 . ਆਪਣੇ ਸੂਖਸ਼ਮ ਅਭਿਮਾਨ ਨੂੰ ਪਰਖ ਕੇ ਉਸਨੂੰ ਜਲਦੀ ਤੋਂ ਖਤਮ ਕਰਨਾ ਹੀ ਆਪਣੇ ਉਪਰ ਅਸ਼ੀਰਵਾਦ ਕਰਨਾ ਹੈ।

2. ਜਿਆਦਾ ਸੋਚਣ, ਬੋਲਣ ਅਤੇ ਚਿੰਤਾ ਕਰਨ ਨਾਲ ਸ਼ਕਤੀ ਖਰਚ ਹੁੰਦੀ ਹੈ, ਸਾਇਲੈਂਸ ਵਿਚ ਰਹੋ ਤਾਂ ਸ਼ਕਤੀ ਜਮਾ ਹੋਵੇ।

3. ਕਿਸੇ ਦੀ ਗਲਤੀ ਚਿੱਤ ਤੇ ਨਾ ਹੋਵੇ, ਚਿੱਤ ਸਾਫ ਰੱਖੋ ਤਾਂ ਚੈਨ ਨਾਲ ਰਹਿ ਸਕੋਗੇ।

4. ਸਮਝ ਨਾਲ ਵਿਅਰਥ ਅਤੇ ਨੈਗੇਟਿਵ ਨੂੰ ਖਤਮ ਕਰ ਦਵੋ ਤਾਂ ਸ਼ਾਂਤੀ ਪ੍ਰਿਅ ਬਣ ਜਾਵੋਗੇ।

5. ਬਾਬਾ ਤੋਂ ਪ੍ਰਾਈਜ਼ ਲੈਣੀ ਹੈ ਤਾਂ ਨਿਯਮਾਂ ਤੇ ਚੱਲੋ, ਥੋੜ੍ਹਾ ਵੀ ਕਿਤੇ ਲਗਾਵ ਝੁਕਾਵ ਨਾ ਹੋਵੇ।

6. ਕਰਮ ਅਤੇ ਸੰਬੰਧ ਦਾ ਪਤਾ ਗੁਣਾਂ ਤੋਂ ਚਲਦਾ ਹੈ ਇਸਲਈ ਕਰਮ ਵਿਚ ਰੂਹਾਨੀਅਤ ਅਤੇ ਸੰਬੰਧ ਵਿਚ ਸਚਾਈ ਹੋਵੇ।

7. ਨਿਮਰਤਾ ਅਤੇ ਸਤਿਯਤਾ ਨੂੰ ਆਪਣਾ ਸਾਥੀ ਬਣਾ ਲਵੋ ਤਾਂ ਹਰ ਗੱਲ ਏਕੁਰੇਟ ਹੋਵੇਗੀ।

8. ਪਿਆਰ ਮੰਗਣ ਦੀ ਬਜਾਏ ਸਵਮਾਨ ਵਿਚ ਰਹੋ ਅਤੇ ਸਭ ਨੂੰ ਮਾਨ ਦਵੋ ਤਾਂ ਪਿਆਰ ਦੇ ਪਾਤਰ ਬਣ ਜਾਵੋਗੇ।

9. ਜੋ ਸੱਚੇ, ਸਵੱਛ ਅਤੇ ਸਰਵਿਸਏਬਲ ਹਨ, ਉਹ ਹੀ ਪਰਮਾਤਮ ਪਿਆਰ ਦੇ ਪਾਤਰ ਹਨ।

10. ਸੇਵਾ ਕਰਦੇ ਡਬਲ ਲਾਈਟ ਰਹਿਣ, ਇਹ ਹੀ ਸਭ ਤੋਂ ਵੱਡੀ ਸੇਵਾ ਹੈ।

11. ਵੱਡੀ ਗੱਲ ਨੂੰ ਛੋਟਾ ਕਰ ਦਵੋ ਤਾਂ ਸੂਲੀ ਵੀ ਕੰਡਾ ਬਣ ਜਾਵੇਗੀ।

12. ਚਿੰਤਨ ਸਾਧਨਾ ਵਿਚ ਇੰਟਰਫਿਅਰ ਕਰਦਾ ਹੈ ਅਤੇ ਸਿਮਰਨ ਸਾਧਨਾ ਦੁਆਰਾ ਸਿੱਧੀ ਦਵਾਉਂਦਾ ਹੈ।

13. ਖੁਸ਼ੀ ਦਾ ਖਜਾਨਾ ਸਦਾ ਕਾਇਮ ਰਖਣਾ ਹੇ ਤਾਂ ਪਾਜ਼ਿਟਿਵ ਸੋਚਣ ਦਾ ਤਰੀਕਾ ਸਿੱਖ ਲਵੋ।

14. ਹੁਣ ਦੀ ਸਥਿਤੀ ਹੀ ਅੰਤ ਵਿਚ ਕੰਮ ਆਵੇਗੀ ਇਸਲਈ ਆਪਣੀ ਸਥਿਤੀ ਬਨਾਉਣ ਤੇ ਧਿਆਨ ਦਵੋ।

15. ਮਨੋਬਲ ਅਜਿਹਾ ਵਧਾ ਲਵੋ ਜੋ ਕੰਡਿਆਂ ਦੇ ਜੰਗਲ ਵਿਚ ਖੁਦ ਵੀ ਸੇਫ ਰਹੋ ਅਤੇ ਦੂਜਿਆਂ ਨੂੰ ਵੀ ਸਹਿਯੋਗ ਦੇ ਸਕੋ।

16. ਅਪਵਿੱਤਰਤਾ ਤੋਂ ਮੁਕਤ ਹੋਣਾ ਹੈ ਤਾਂ ਆਂਤਰਿਕ ਵੈਰਾਗ ਵ੍ਰਿਤੀ ਧਾਰਨ ਕਰੋ।